Punjab Government Gazette

*Published by Authority*

No. 5] CHANDIGARH, FRIDAY, JANUARY 30, 2026 (MAGHA 10, 1947 SAKA)

# PART III

**Notifications by High Court ; Labour Commissioner ; Advertisements ;**

**Director of Lotteries, Punjab and Notices, etc.**

**ਪੰਜਾਬ ਸਰਕਾਰ**

ਕਿਰਤ ਵਿਭਾਗ

ਦਫ਼ਤਰ ਕਿਰਤ ਕਮਿਸ਼ਨਰ, ਪੰਜਾਬ

**ਅਧਿਸੂਚਨਾ**

ਮਿਤੀ 11 ਅਪ੍ਰੈਲ, 2023

**ਨੰ:ਓਵ/4097.-** ਮੇਰੀ ਰਾਇ ਹੈ ਕਿ ਕਿਰਤੀਆਂ/ਯੂਨੀਅਨ/ਮਾਰਫਤ/ਵਲੋਂ Punjab Medical Representative Association (PMRA), Operation Office : National road, Ghumar Mandi, Ludhiana ਵਿਰੁੱਧ (1) M/s VHB Life sciences Ltd. Plot 30 AB, 1st Floor Near Capsule House Junction, Government Industrial Estate, MG Road Kandivali West, Mumbai, Maharashtra through the President & Managing Director ਅਤੇ (2) M/s VHB Life sciences Ltd. Plot 30 AB, 1st Floor Near Capsule House Junction, Government Industrial Estate, MG Road Kandivali West, Mumbai, Maharashtra through General Manager ਵਿਚਕਾਰ ਹੇਠ ਅਨੁਸਾਰ ਝਗੜਾ ਹੋਂਦ ਵਿਚ ਹੈ ਅਤੇ ਮੇਰੀ ਰਾਏ ਵਿਚ ਇਹ ਮਾਮਲਾ ਨਿਆਂ-ਨਿਰਣੈ ਲਈ ਭੇਜਣਾ ਬਣਦਾ ਹੈ। ਉਦਯੋਗਿਕ ਵਿਵਾਦ ਐਕਟ, 1947 ਦੀ ਧਾਰਾ 2-ਕੇ ਅਤੇ ਧਾਰਾ-10 ਦੀ ਉਪ ਧਾਂਰਾ (1) ਦੇ ਖੰਡ (ਡੀ) ਅਤੇ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ:ਐਸ.ਓ.66/ਸੀ.ਏ.14/47 ਐਸ.39 ਮਿਤੀ 19.09.1988 ਰਾਹੀਂ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਐਕਟ ਦੀ ਧਾਰਾ 7-ਏ ਅਧੀਨ ਬਣਾਏ ਗਏ ਇੰਡਸਟ੍ਰੀਅਲ ਟ੍ਰਿਬਿਊਨਲ, ਲੁਧਿਆਣਾ ਨੂੰ ਪ੍ਰਬੰਧਕਾਂ ਅਤੇ ਕਿਰਤੀਆਂ ਦੇ ਝਗੜੇ ਬਾਰੇ ਨਿਆਂ ਨਿਰਣੇ ਲਈ ਅਵਾਰਡ 6 ਮਹੀਨੇ ਦੇ ਅੰਦਰ-ਅੰਦਰ ਦੇਣ ਲਈ ਭੇਜਦਾ ਹਾਂ-

1) "ਕੀ ਕਿਰਤੀ ਸ੍ਰੀ ਅਸ਼ੀਸ਼ ਢਾਂਡਾ ਵੱਲੋਂ ਟਰੇਡ ਯੂਨੀਅਨ ਦੀਆ ਗਤੀਵਿਧੀਆਂ ਕਰਕੇ ਉਸਨੂੰ ਤੰਗ ਪ੍ਰੇਸ਼ਾਨ ਕਰਨ ਲਈ ਮੰਗ ਪੱਤਰ ਵਿੱਚ ਦਰਜ਼ ਮੰਗ ਨੰ.1 ਅਨੁਸਾਰ ਉਸ ਦੀਆਂ ਬਣਦੀਆਂ ਸਾਲਾਨਾ ਤਰੱਕੀਆਂ ਨਹੀਂ ਲਗਾਈਆਂ ਜਾ ਰਹੀਆਂ? ਜੇਕਰ ਨਹੀਂ ਤਾਂ ਇਸ ਸਬੰਧ ਵਿੱਚ ਕੀ ਨਿਆਂ ਨਿਰਣੈ ਹੋਣਾ ਚਾਹੀਦਾ ਹੈ ਅਤੇ ਕਿਸ ਵਿਸਥਾਰ ਨਾਲ ਹੋਣਾ ਚਾਹੀਦਾ ਹੈ?"

2) "ਕੀ ਅਦਾਰੇ ਦੇ ਪ੍ਰਬੰਧਕਾਂ ਵਲੋਂ ਸ੍ਰੀ ਅਸ਼ੀਸ਼ ਢਾਂਡਾ ਨੂੰ ਟਰੇਡ ਯੂਨੀਅਨ ਗਤੀਵਿਧੀਆਂ ਕਰਕੇ ਉਸਨੂੰ ਡਰਾ ਕੇ, ਉਹਨਾਂ ਦੀ ਬਦਲੀ ਦੂਰ ਦਰਾਡੇ ਸਥਾਨਾਂ ਤੇ ਕਰਨ ਆਦਿ ਦੀਆਂ ਧਮਕੀਆਂ ਦੇ ਕੇ ਦਬਾਅ ਬਣਾ ਕੇ ਕੰਮ ਲੈਣ ਦੀ ਕਾਰਵਾਈ

ਆਈ.ਡੀ.ਐਕਟ. 1947 ਦੀ ਧਾਰਾ 2 (ra) ਅਧੀਨ ਸਡਿਊਲ-5 ਦੇ ਪਾਰਟ-1 ਅਨੁਸਾਰ ਪ੍ਰਬੰਧਕਾ ਦੀ ਪੱਧਰ ਤੇ ਅਨਫੇਅਰ ਲੇਬਰ ਪ੍ਰੈਕਟਿਸ ਬਣਦੀ ਹੈ? ਜੇਕਰ ਹਾਂ ਤਾਂ ਇਸ ਸਬੰਧ ਵਿੱਚ ਕੀ ਨਿਰਣਾ ਹੋਣਾ ਚਾਹੀਦਾ ਹੈ?"

ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ

ਮਿਤੀ 17 ਮਾਰਚ, 2023

ਕਿਰਤ ਕਮਿਸ਼ਨਰ, ਪੰਜਾਬ।

*3622/1-2026/Pb. Govt. Press, S.A.S. Nagar*